# ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਲਈ ਤਿਆਰ ਹੋਵੋ



ELECTORAL COMMISSION
TE KAITIAKI TAKE KŌWHIRI

## ਵੋਟ ਪਾਉਣ ਲਈ ਨਾਮ ਕਿਉਂ ਦਰਜ ਕਰਵਾਈਏ?

ਜੇ ਤੁਸੀਂ ਵੋਟ ਪਾਉਣ ਲਈ ਨਾਮ ਦਰਜ ਕਰਵਾਇਆ ਹੈ, ਤਾਂ ਤੁਹਾਨੂੰ ਆਮ ਚੋਣਾਂ, ਸਥਾਨਕ ਚੋਣਾਂ ਅਤੇ ਜਨਮਤ-ਸੰਗ੍ਰਿਹਾਂ ਵਿੱਚ ਆਪਣੀ ਰਾਇ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ। ਚੋਣਾਂ ਤੁਹਾਡੇ ਲਈ ਇਸ ਬਾਰੇ ਆਪਣੀ ਰਾਇ ਪ੍ਰਗਟ ਕਰਨ ਦਾ ਮੌਕਾ ਹੁੰਦੀਆਂ ਹਨ ਕਿ ਉਹਨਾਂ ਮਸਲਿਆਂ 'ਤੇ ਤੁਹਾਡੀ ਪ੍ਰਤਿਨਿਧਤਾ ਕੌਣ ਕਰਦਾ ਹੈ ਜਿਨ੍ਹਾਂ ਦੀ ਤੁਸੀਂ ਪਰਵਾਹ ਕਰਦੇ ਹੋ।

**ਵੋਟ ਪਾਉਣ ਲਈ ਨਾਮ ਦਰਜ ਕਰਵਾ ਕੇ ਤੁਸੀਂ ਇਹ ਯਕੀਨੀ ਬਣਾ ਸਕਦੇ ਹੋ ਕਿ ਤੁਹਾਡੀ ਆਵਾਜ਼ ਸੁਣੀ ਜਾਂਦੀ ਹੈ।**

## ਵੋਟ ਪਾਉਣ ਲਈ ਕੌਣ ਨਾਮ ਦਰਜ ਕਰਵਾ ਸਕਦਾ ਹੈ?

ਤੁਹਾਡੇ ਲਈ ਨਾਮ ਦਰਜ ਕਰਾਉਣਾ ਜ਼ਰੂਰੀ ਹੈ ਜੇ ਤੁਸੀਂ:

- **18 ਸਾਲਾਂ ਜਾਂ ਇਸ ਤੋਂ ਵੱਡੀ ਉਮਰ ਦੇ ਹੋ, ਅਤੇ**
- **ਨਿਊਜ਼ੀਲੈਂਡ ਦੇ ਨਾਗਰਿਕ ਹੋ ਜਾਂ ਨਿਊਜ਼ੀਲੈਂਡ ਦੇ ਪੱਕੇ ਵਸਨੀਕ ਹੋ, ਅਤੇ**
- **ਆਪਣੇ ਜੀਵਨ ਦੇ ਕਿਸੇ ਸਮੇਂ 'ਤੇ ਲਗਾਤਾਰ ਇੱਕ ਸਾਲ ਤੋਂ ਵਧੇਰੇ ਸਮੇਂ ਲਈ ਨਿਊਜ਼ੀਲੈਂਡ ਵਿੱਚ ਰਹੇ ਹੋ।**

ਜੇ ਤੁਸੀਂ ਆਸਟਰੇਲੀਅਨ, ਕੁੱਕ ਆਈਲੈਂਡ ਦੇ ਮਾਓਰੀ, ਨਿਊਈਅਨ ਜਾਂ ਟੋਕਲਾਉਆਨ ਹੋ, ਤਾਂ ਤੁਸੀਂ ਨਾਮ ਦਰਜ ਕਰਵਾ ਸਕਦੇ ਹੋ ਜੇ ਤੁਸੀਂ ਨਿਊਜ਼ੀਲੈਂਡ ਵਿੱਚ ਲਗਾਤਾਰ 12 ਮਹੀਨੇ ਰਹੇ ਹੋ।

ਜੇ ਤੁਸੀਂ ਵਿਦੇਸ਼ ਵਿੱਚ ਰਹਿੰਦੇ ਹੋ ਤਾਂ ਤੁਸੀਂ 2023 ਦੀਆਂ ਆਮ ਚੋਣਾਂ ਲਈ ਨਾਮ ਦਰਜ ਕਰਾ ਸਕਦੇ ਹੋ ਜੇ ਤੁਸੀਂ:

- **ਨਿਊਜ਼ੀਲੈਂਡ ਦੇ ਨਾਗਰਿਕ ਹੋ ਜੋ ਪਿਛਲੇ 6 ਸਾਲਾਂ ਵਿੱਚ ਨਿਊਜ਼ੀਲੈਂਡ ਆ ਚੁੱਕਾ ਹੈ, ਜਾਂ**
- **ਨਿਊਜ਼ੀਲੈਂਡ ਦੇ ਪੱਕੇ ਨਿਵਾਸੀ ਹੋ ਜੋ ਪਿਛਲੇ 4 ਸਾਲਾਂ ਵਿੱਚ ਨਿਊਜ਼ੀਲੈਂਡ ਵਿੱਚ ਆ ਚੁੱਕਾ ਹੈ।**

2023 ਦੀਆਂ ਚੋਣਾਂ ਤੋਂ ਬਾਅਦ, ਇਹ ਸ਼ਰਤ ਦੁਬਾਰਾ ਫੇਰ ਨਿਊਜ਼ੀਲੈਂਡ ਦੇ ਨਾਗਰਿਕਾਂ ਲਈ 3 ਸਾਲ ਅਤੇ ਨਿਊਜ਼ੀਲੈਂਡ ਦੇ ਪੱਕੇ ਵਸਨੀਕਾਂ ਲਈ 12 ਮਹੀਨੇ ਹੋ ਜਾਵੇਗੀ।

ਚੋਣਾਂ ਦੇ ਮਕਸਦਾਂ ਵਾਸਤੇ, ਪੱਕਾ ਵਸਨੀਕ ਉਹ ਵਿਅਕਤੀ ਹੁੰਦਾ ਹੈ ਜੋ ਨਿਊਜ਼ੀਲੈਂਡ ਵਿੱਚ ਕਨੂੰਨੀ ਤੌਰ 'ਤੇ ਹੈ ਅਤੇ ਜਿਸ ਨੂੰ ਕਿਸੇ ਨਿਸ਼ਚਿਤ ਸਮੇਂ ਦੇ ਅੰਦਰ ਚਲੇ ਜਾਣ ਦੀ ਲੋੜ ਨਹੀਂ ਹੈ। ਇਸ ਵਿੱਚ ਕੋਈ ਅਜਿਹਾ ਵਿਅਕਤੀ ਵੀ ਸ਼ਾਮਲ ਹੈ ਜੋ ਰੈਜ਼ੀਡੈਂਟ ਵੀਜ਼ੇ 'ਤੇ ਹੈ।

ਤੁਸੀਂ 17 ਸਾਲ ਦੇ ਹੋ ਜਾਣ 'ਤੇ ਨਾਮ ਦਰਜ ਕਰਵਾ ਸਕਦੇ ਹੋ। ਜਦ ਤੁਹਾਡੀ ਉਮਰ 18 ਸਾਲ ਹੋ ਜਾਂਦੀ ਹੈ ਤਾਂ ਤੁਹਾਡਾ ਨਾਮ ਆਪਣੇ ਆਪ ਹੀ ਦਰਜ ਕਰ ਲਿਆ ਜਾਵੇਗਾ ਅਤੇ ਤੁਸੀਂ ਵੋਟ ਪਾਉਣ ਲਈ ਤਿਆਰ ਹੋਵੋਗੇ।

## ਮੈਂ ਆਪਣਾ ਨਾਮ ਕਿਵੇਂ ਦਰਜ ਕਰਾਵਾਂ?

ਨਾਮ ਦਰਜ ਕਰਾਉਣਾ ਜਾਂ ਆਪਣੇ ਵੇਰਵੇ ਅੱਪਡੇਟ ਕਰਨਾ ਆਸਾਨ ਹੈ। ਤੁਸੀਂ:

- ਔਨਲਾਈਨ ਨਾਮ ਦਰਜ ਕਰਾਉਣ ਲਈ **vote.nz** 'ਤੇ ਜਾ ਕੇ ਆਪਣੇ ਨਿਊਜ਼ੀਲੈਂਡ ਦੇ ਡ੍ਰਾਈਵਿੰਗ ਲਾਇਸੈਂਸ, ਨਿਊਜ਼ੀਲੈਂਡ ਪਾਸਪੋਰਟ ਜਾਂ RealMe ਤਸਦੀਕਸ਼ੁਦਾ ਪਛਾਣ ਦੀ ਵਰਤੋਂ ਕਰ ਸਕਦੇ ਹੋ
- **0800 36 76 56** 'ਤੇ ਕਾਲ ਕਰਕੇ ਤੁਹਾਨੂੰ ਇੱਕ ਫਾਰਮ ਭੇਜੇ ਜਾਣ ਦੀ ਬੇਨਤੀ ਕਰ ਸਕਦੇ ਹੋ

ਜਦ ਤੁਹਾਡਾ ਨਾਮ ਦਰਜ ਹੋ ਜਾਂਦਾ ਹੈ, ਤਾਂ ਤੁਹਾਡਾ ਨਾਮ ਵੋਟਰ ਸੂਚੀ 'ਤੇ ਚਲਾ ਜਾਵੇਗਾ। ਵੋਟ ਪਾਉਣ ਲਈ ਤੁਹਾਡਾ ਨਾਮ ਵੋਟਰ ਸੂਚੀ 'ਤੇ ਹੋਣਾ ਲਾਜ਼ਮੀ ਹੈ।

ਹਰ ਵਾਰ ਜਦ ਵੀ ਤੁਸੀਂ ਆਪਣਾ ਮਕਾਨ ਬਦਲਦੇ ਹੋ ਤਾਂ ਤੁਹਾਨੂੰ ਆਪਣੇ ਵੇਰਵੇ ਅੱਪਡੇਟ ਕਰਨ ਦੀ ਲੋੜ ਹੁੰਦੀ ਹੈ।

## ਕੀ ਤੁਸੀਂ ਆਪਣੀ ਨਿੱਜੀ ਸੁਰੱਖਿਆ ਨੂੰ ਲੈਕੇ ਚਿੰਤਤ ਹੋ?

ਜੇ ਤੁਸੀਂ ਆਪਣੀ ਜਾਂ ਆਪਣੇ ਪਰਿਵਾਰ ਦੀ ਨਿੱਜੀ ਸੁਰੱਖਿਆ ਨੂੰ ਲੈਕੇ ਚਿੰਤਤ ਹੋ, ਤਾਂ ਤੁਸੀਂ ਗੁਪਤ ਅਣਪ੍ਰਕਾਸ਼ਿਤ ਸੂਚੀ ਉੱਤੇ ਨਾਮ ਦਰਜ ਕਰਾਉਣ ਲਈ ਅਰਜ਼ੀ ਦੇ ਸਕਦੇ ਹੋ। ਅਸੀਂ ਤੁਹਾਡੇ ਦਾਖਲੇ ਦੇ ਵੇਰਵੇ ਸੁਰੱਖਿਅਤ ਰੱਖਾਂਗੇ ਅਤੇ ਅਸੀਂ ਇਹ ਕਿਸੇ ਨੂੰ ਨਹੀਂ ਦੇਵਾਂਗੇ।

ਵਧੇਰੇ ਜਾਣਕਾਰੀ ਵਾਸਤੇ ਅਤੇ ਅਰਜ਼ੀ ਫਾਰਮ ਲਈ **vote.nz** 'ਤੇ ਜਾਓ ਜਾਂ **0800 36 76 56** 'ਤੇ ਕਾਲ ਕਰੋ।

## ਕੀ ਤੁਹਾਨੂੰ ਨਾਮ ਦਰਜ ਕਰਵਾਉਣ ਵਿੱਚ ਮਦਦ ਚਾਹੀਦੀ ਹੈ?

ਤੁਹਾਡਾ ਦਾਖਲਾ ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰਨ ਲਈ, ਜਾਂ ਤੁਹਾਡੇ ਲਈ ਤੁਹਾਡਾ ਫਾਰਮ ਭਰਨ ਲਈ, ਤੁਸੀਂ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਵਰਗੇ ਕਿਸੇ ਜਾਣਕਾਰ ਨੂੰ ਕਹਿ ਸਕਦੇ ਹੋ, ਜਾਂ ਤੁਸੀਂ ਸਾਡੀ ਦਾਖਲਾ ਟੀਮ ਨੂੰ ਵੀ ਪੁੱਛ ਸਕਦੇ ਹੋ।

ਤੁਹਾਨੂੰ ਫਾਰਮ 'ਤੇ ਦਸਤਖਤ ਕਰਨ ਦੀ ਲੋੜ ਹੁੰਦੀ ਹੈ।

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਕਿਸੇ ਸਰੀਰਕ ਜਾਂ ਮਾਨਸਿਕ ਵਿਕਾਰ ਕਰਕੇ ਆਪਣਾ ਦਾਖਲਾ ਫਾਰਮ ਖੁਦ ਨਹੀਂ ਭਰ ਸਕਦਾ ਅਤੇ ਦਸਤਖਤ ਨਹੀਂ ਕਰ ਸਕਦਾ, ਤਾਂ ਤੁਸੀਂ ਸ਼ਾਇਦ ਮਦਦ ਕਰ ਸਕਦੇ ਹੋ।

ਵੋਟ ਪਾਉਣ ਵਾਸਤੇ ਨਾਮ ਦਰਜ ਕਰਾਉਣ ਵਿੱਚ ਕਿਸੇ ਦੀ ਮਦਦ ਕਰਨ ਬਾਰੇ ਹੋਰ ਜਾਣਕਾਰੀ ਲਈ **vote.nz** 'ਤੇ ਜਾਓ।

## ਜੇ ਤੁਸੀਂ ਮਾਓਰੀ ਹੋ ਤਾਂ ਵੋਟ ਪਾਉਣ ਲਈ ਨਾਮ ਦਰਜ ਕਰਾਉਣਾ

ਜੇ ਤੁਸੀਂ ਮਾਓਰੀ ਮੂਲ ਦੇ ਹੋ ਅਤੇ ਪਹਿਲੀ ਵਾਰ ਨਾਮ ਦਰਜ ਕਰਵਾ ਰਹੇ ਹੋ, ਤਾਂ ਤੁਸੀਂ ਇੱਕ ਅਹਿਮ ਚੋਣ ਕਰਨੀ ਹੈ। ਤੁਹਾਨੂੰ ਇਹ ਫੈਸਲਾ ਕਰਨ ਦੀ ਲੋੜ ਹੈ ਕਿ ਤੁਸੀਂ ਕਿਸ ਵੋਟਰ ਸੂਚੀ 'ਤੇ ਨਾਮ ਦਰਜ ਕਰਾਉਣਾ ਚਾਹੁੰਦੇ ਹੋ: ਆਮ ਸੂਚੀ ਜਾਂ ਮਾਓਰੀ ਲੋਕਾਂ ਦੀ ਸੂਚੀ। ਤੁਹਾਡੀ ਚੋਣ ਇਸ ਗੱਲ ਨੂੰ ਪ੍ਰਭਾਵਿਤ ਕਰਦੀ ਹੈ ਕਿ ਆਮ ਚੋਣਾਂ ਵਿੱਚ ਤੁਸੀਂ ਕਿਸ ਚੋਣ-ਹਲਕੇ ਵਿੱਚ ਵੋਟ ਪਾਉਂਦੇ ਹੋ।

ਜੇ ਤੁਸੀਂ ਆਮ ਸੂਚੀ ਦੀ ਚੋਣ ਕਰਦੇ ਹੋ, ਤਾਂ ਤੁਸੀਂ ਆਮ ਚੋਣ-ਹਲਕੇ ਵਿਚਲੇ ਕਿਸੇ ਉਮੀਦਵਾਰ ਨੂੰ ਵੋਟ ਪਾਓਗੇ।

ਜੇ ਤੁਸੀਂ ਮਾਓਰੀ ਲੋਕਾਂ ਲਈ ਸੂਚੀ ਦੀ ਚੋਣ ਕਰਦੇ ਹੋ ਤਾਂ ਤੁਸੀਂ ਕਿਸੇ ਮਾਓਰੀ ਹਲਕੇ ਵਿਚਲੇ ਉਮੀਦਵਾਰ ਨੂੰ ਵੋਟ ਪਾਓਗੇ।

ਚਾਹੇ ਤੁਸੀਂ ਜਿਸ ਵੀ ਸੂਚੀ 'ਤੇ ਹੋਵੋ, ਤੁਸੀਂ ਉਸੇ ਹੀ ਰਾਜਨੀਤਕ ਪਾਰਟੀਆਂ ਦੀ ਸੂਚੀ ਵਾਸਤੇ ਵੋਟ ਪਾਓਗੇ।

ਜਿਸ ਸੂਚੀ ਦੀ ਤੁਸੀਂ ਚੋਣ ਕਰਦੇ ਹੋ ਉਹ ਸਥਾਨਕ ਚੋਣਾਂ ਵਿੱਚ ਵੋਟ ਪਾਉਣ ਦੇ ਤੁਹਾਡੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੇ ਤੁਸੀਂ ਮਾਓਰੀ ਸੂਚੀ ਉੱਤੇ ਹੋ ਅਤੇ ਤੁਹਾਡੀ ਸਥਾਨਕ ਅਥਾਰਟੀ ਵਿੱਚ ਮਾਓਰੀ ਵਾਰਡ ਜਾਂ ਹਲਕਾ ਹੈ, ਤਾਂ ਤੁਸੀਂ ਮਾਓਰੀ ਵਾਰਡ ਜਾਂ ਹਲਕੇ ਵਿਚਲੇ ਉਮੀਦਵਾਰਾਂ ਵਾਸਤੇ ਵੋਟ ਪਾਓਗੇ।

ਤੁਸੀਂ ਕਿਸੇ ਵੀ ਸਮੇਂ ਉਸ ਸੂਚੀ ਨੂੰ ਬਦਲ ਸਕਦੇ ਹੋ ਜਿਸ ਸੂਚੀ 'ਤੇ ਤੁਹਾਡਾ ਨਾਮ ਹੈ ਸਿਵਾਏ ਆਮ ਚੋਣਾਂ ਜਾਂ ਸਥਾਨਕ ਚੋਣਾਂ ਤੋਂ 3 ਮਹੀਨੇ ਪਹਿਲਾਂ ਦੀ ਮਿਆਦ ਦੌਰਾਨ, ਅਤੇ ਕੁਝ ਹਾਲਾਤਾਂ ਵਿੱਚ ਪਾਰਲੀਮੈਂਟਰੀ ਜ਼ਿਮਨੀ ਚੋਣਾਂ ਤੋਂ ਪਹਿਲਾਂ।

## ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?

ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਹੋਰ ਜਾਣਕਾਰੀ ਵਾਸਤੇ:

- ਦੇਖੋ: **vote.nz**
- ਕਾਲ ਕਰੋ: **0800 36 76 56**

ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਜਾਣਕਾਰੀ **vote.nz** 'ਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

ELECTORAL COMMISSION
TE KAITIAKI TAKE KŌWHIRI